بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 28.05.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

**ਖ਼ਿਲਾਫ਼ਤ ਦੀ ਕਾਮਲ ਅਗਿਆਕਾਰੀ ਦਾ ਪ੍ਰਣ ਸਾਨੂੰ ਅੰਤਮ ਸਾਹ ਤੱਕ ਨਿਭਾਉਣ ਲਈ ਹਰ ਕੁਰਬਾਨੀ ਲਈ ਤਿਆਰ ਰਹਿਣਾ ਚਾਹੀਦਾ ਹੈ ਫਿਰ ਹੀ ਅਸੀਂ ਪਰਲੈ ਤੱਕ ਆਪਣੀਆਂ ਪੀੜ੍ਹੀਆਂ ਨੂੰ ਖ਼ਿਲਾਫ਼ਤ ਦਾ ਆਗਿਆਕਾਰ ਬਨਾਉਣ ਦਾ ਹੱਕ ਪੂਰਾ ਕਰ ਸਕਦੇ ਹਾਂ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 28 ਮਈ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بعد فاعوذ بالله من الشيطٰن الرجيم۔

بِسۡمِ اللّٰہِ الرَّحۡمٰنِ الرَّحِیۡمِ ۔ اَلۡحَمۡدُ لِلّٰہِ رَبِّ الۡعٰلَمِیۡنَ ۔ الرَّحۡمٰنِ الرَّحِیۡمِ ۔ مٰلِکِ یَوۡمِ الدِّیۡنِ ۔ اِیَّاکَ نَعۡبُدُ وَ اِیَّاکَ نَسۡتَعِیۡنُ ۔ اِہۡدِنَا الصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ عَلَیۡہِمۡ وَلَا الضَّآلِّیۡنَ۔

ਤਸ਼ਹਹੁਦ, ਤਊਜ਼, ਸੂਰਤ ਫ਼ਾਤਿਹਾ ਅਤੇ ਸੂਰਤ ਨੂਰ ਦੀਆਂ ਆਇਤ ਨੰਬਰ 56 ਤੇ 57 ਦੀ ਤਲਾਵਤ ਅਤੇ ਇਸਦੇ ਅਨੁਵਾਦ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਕੱਲ 27 ਮਈ ਸੀ ਜਿਸ ਨੂੰ ਅਸੀਂ 'ਯੌਮਿ ਖ਼ਿਲਾਫ਼ਤ' (ਖ਼ਿਲਾਫ਼ਤ ਡੇ) ਦੇ ਨਾਂ ਨਾਲ ਚੇਤੇ ਰਖੱਦੇ ਹਾਂ । ਯੌਮਿ ਖ਼ਿਲਾਫ਼ਤ ਦੇ ਪੱਖੋਂ ਜਮਾਤ ਵਿੱਚ ਜਲਸੇ ਆਯੋਜਿਤ ਕੀਤੇ ਜਾਂਦੇ ਹਨ ਤਾਂ ਜੋ ਜਮਾਤ ਦੇ ਇਤਿਹਾਸ ਦਾ ਗਿਆਨ ਹਾਸਲ ਹੋਵੇ ਅਤੇ ਖ਼ਿਲਾਫ਼ਤ ਨਾਲ ਸੰਬੰਧਤ ਸਾਡੀਆਂ ਜ਼ਿੰਮੇਦਾਰੀਆਂ ਦੀ ਜਾਣਕਾਰੀ ਮਿਲੇ । ਅਲੱਾਹ ਤਆਲਾ ਦਾ ਸਾਡੇ ਉਪੱਰ ਬਹੁਤ ਵਡੱਾ ਉਪਕਾਰ ਹੈ ਕਿ ਅਸੀਂ ਇਸ ਯੁੱਗ ਦੇ ਭੇਜੇ ਹੋਏ ਫ਼ਰਸਤਾਦੇ (ਪੈਗ਼ੰਬਰ) ਨੂੰ ਮੰਨਿਆ ਹੈ ਅਤੇ ਫਿਰ ਖ਼ਿਲਾਫ਼ਤ ਦੀ ਬੈਅਤ ਵਿੱਚ ਆਏ ਹਾਂ ।

ਇਹ ਆਇਤਾਂ ਜੋ ਮੈਂ ਪੜ੍ਹੀਆਂ ਹਨ ਇਹਨਾ ਵਿੱਚ ਧਰਮ ਦੀ ਸੰਪੂਰਨਤਾ ਅਤੇ ਡਰ ਦੇ ਵਾਤਾਵਰਣ ਨੂੰ ਅਮਨ ਵਿੱਚ ਬਦੱਲਣ ਦਾ ਵਾਦਾ ਕੀਤਾ ਗਿਆ ਹੈ । ਪਰ ਇਹ ਵਾਦਾ ਪੱਕੇ ਈਮਾਨ, ਨੇਕ ਕਰਮ ਅਤੇ ਇਬਾਦਤਾਂ ਦੇ ਹੱਕ ਪੂਰੇ ਕਰਨ ਤੇ ਸ਼ਿਰਕ (ਅਨੇਕ ਈਸ਼ਵਰਵਾਦ) ਤੋਂ ਪੂਰਨਤਾ ਬਚਣ ਦੀ ਸ਼ਰਤ ਨਾਲ ਹੈ । ਇਹਨਾ ਚੀਜ਼ਾ ਨੂੰ ਹਾਸਲ ਕਰਨ ਲਈ ਨਮਾਜ਼ਾਂ ਦਾ ਪੜ੍ਹਨਾ, ਰੱਬ ਦੇ ਮਾਰਗ ਵਿੱਚ ਖ਼ਰਚ ਕਰਨਾ ਅਤੇ ਰਸੂਲ ਦੀ ਆਗਿਆ ਦਾ ਪਾਲਣ ਅਤਿ ਜ਼ਰੂਰੀ ਹੈ । ਸੋ, ਜੱਦ ਅਸੀਂ ਇਹ ਗਲੱਾਂ ਚੇਤੇ ਰਖੱਾਂਗੇ ਤਾਂ ਫਿਰ ਅਸੀਂ ਖ਼ਿਲਾਫ਼ਤ ਦੇ ਪੁਰੁਸਕਾਰ ਤੋਂ ਵਾਸਤਵਿਕ ਰੂਪ ਵਿੱਚ ਲਾਭ ਚੁਕੱਣ ਵਾਲੇ ਹੋਵਾਂਗੇ । ਇਹ ਆਇਤ ਜਿੱਥੇ ਮੋਮਿਨਾਂ ਲਈ ਖ਼ੁਸ਼ੀ ਦੀ ਗੱਲ ਹੈ ਉੱਥੇ ਚਿੰਤਾ ਵਾਲੀ ਵੀ ਹੈ ਕਿਉਕਿ ਜੇਕਰ ਇਹਨਾ ਸ਼ਰਤਾਂ'ਤੇ ਪੂਰਾ ਨਹੀਂ ਉਤਰ ਰਹੇ ਤਾਂ ਫਿਰ ਇਸ ਪੁਰੁਸਕਾਰ ਤੋਂ ਵਾਸਤਵਿਕ ਰੂਪ ਵਿੱਚ ਲਾਹੇਵੰਦ ਨਹੀਂ ਹੋ ਸਕਦੇ । ਜੇਕਰ ਨਮਾਜ਼, ਜ਼ਕਾਤ, ਰੱਬ ਦੇ ਹੱਕ ਅਤੇ ਉਸਦੇ ਬੰਦਿਆਂ ਦੇ ਹੱਕ ਪੂਰੇ ਨਹੀਂ ਤਾਂ ਫਿਰ ਰੱਬ ਦੇ ਰਹਿਮ ਅਤੇ ਉਸ ਦੀਆਂ ਮਿਹਰਾਂ ਨੂੰ ਪਾਉਣ ਵਾਲੇ ਨਹੀਂ ਬਣ ਸਕਦੇ । ਸੋ, ਕੇਵਲ ਆਪਣੇ ਇਤਿਹਾਸ ਦੀ ਜਾਣਕਾਰੀ ਹਾਸਲ ਕਰ ਲੈਂਣੀ ਅਤੇ ਯੌਮਿ ਖ਼ਿਲਾਫ਼ਤ ਮਨਾ ਲੈਂਣਾ ਬਹੁਤ ਨਹੀਂ, ਆਪਣੀ ਪੜਤਾਲ ਜ਼ਰੂਰੀ ਹੈ ਕਿ ਸਾਡੀ ਆਸਥਾ

(ਈਮਾਨ) ਦੀ ਕੀ ਹਾਲਤ ਹੈ । ਮਾਨਸਕ ਸ਼ਾਂਤੀ ਅਤੇ ਮਾਨਸਕ ਸ਼ਾਂਤੀ ਉਸ ਸਮੇਂ ਹੀ ਹੋ ਸਕਦੀ ਹੈ ਜੱਦ ਸਾਡੇ ਸਾਰੇ ਕਰਮ ਤੇ ਕੰਮ ਕੇਵਲ ਤੇ ਕੇਵਲ ਰੱਬ ਦੀ ਰਜ਼ਾ ਹਾਸਲ ਕਰਨ ਵਾਲੇ ਹੋਣਗੇ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਨੇਕ ਅਮਲ ਉਸ ਨੂੰ ਕਹਿੰਦੇ ਹਨ ਜੱਦ ਇਕ ਕਿਣਕਾ ਵੀ ਗੰਦ ਨ ਹੋਵੇ । ਚੇਤੇ ਰੱਖੋ ! ਮਨੁੱਖ ਦੇ ਕਰਮਾ'ਤੇ ਹਮੇਸ਼ਾ ਹੀ ਚੋਰ ਪਿਆ ਕਰਦੇ ਹਨ, ਉਹ ਕੀ ਹਨ ? ਉਹ ਹੈ ਦਿਖਾਵਾ, ਵੱਖ ਵੱਖ ਪ੍ਰਕਾਰ ਦੀਆਂ ਬੁਰਾਈਆਂ, ਜਿੰਨ੍ਹਂ ਨੂੰ ਕਈ ਵਾਰ ਮਨੁੱਖ ਅਨੁਭਵ ਵੀ ਨਹੀਂ ਕਰਦਾ । ਨੇਕ ਅਮਲ ਉਹ ਹਨ ਜਿੰਨਾ ਵਿੱਚ ਜ਼ੁਲਮ, ਦਿਖਾਵਾ, ਹੰਕਾਰ, ਹਉਮੈ ਅਤੇ ਮਨੁੱਖ ਦੇ ਹੱਕ ਮਾਰਨ ਦਾ ਵਿਚਾਰ ਤੱਕ ਵੀ ਨ ਹੋਵੇ । ਜੇਕਰ ਇਕ ਵਿਅਕਤੀ ਵੀ ਸਾਰੇ ਘਰ ਵਿੱਚ ਨੇਕ ਕਰਮ ਕਰਨ ਵਾਲਾ ਹੋਵੇ ਤਾਂ ਸਾਰਾ ਘਰ ਬਚਿਆ ਰਹਿੰਦਾ ਹੈ ।

ਫ਼ਰਮਾਇਆ : ਨੇਕ ਕਰਮ ਸਾਡੀ ਵਿਉਂਤ ਤੇ ਗਲੱਾਂ ਨਾਲ ਨਹੀਂ ਹੋ ਸਕਦਾ, ਨੇਕ ਕਰਮ ਦਾ ਹੱਠ ਹੋਣਾ ਚਾਹੀਦਾ ਹੈ । ਸੋ, ਜ਼ਰੂਰੀ ਹੈ ਕਿ ਨੇਕ ਕਰਮ ਵਿੱਚ ਵੀ ਕਿਸੇ ਵੀ ਪ੍ਰਕਾਰ ਦੀ ਬੁਾਰਾਈ ਨ ਹੋਵੇ । ਇਹ ਨਹੀ ਕਿ ਨੇਕ ਕਰਮ ਦੀ ਆਪ ਵਿਆਖਿਆ ਕਰਨ ਲੱਗ ਜਾਏ, ਚੰਗੇ ਨਿਰਣਿਆਂ ਦੀ ਆਪ ਵਿਆਖਿਆ ਕਰਨ ਲੱਗ ਜਾਏ । ਅਜਿਹੇ ਲੋਕਾਂ ਨੂੰ ਉਹਨਾ ਦਾ ਖ਼ਿਲਾਫ਼ਤ ਨਾਲ ਜੁੜਨਾ ਕੋਈ ਲਾਭ ਨਹੀਂ ਦੇ ਸਕਦਾ । ਜੋ ਲੋਕ ਖ਼ਾਲਸ ਹੋਕੇ ਖ਼ਿਲਾਫ਼ਤ ਦੇ ਆਗਿਆਕਾਰ ਤੇ ਮੁਰੀਦ ਹੋਣਗੇ ਉਹੋ ਲੋਕ ਵਾਸਤਵਿਕ ਰੂਪ ਵਿੱਚ ਖ਼ਿਲਾਫ਼ਤ ਨਾਲ ਵਫ਼ਾਦਾਰੀ ਦਾ ਸੰਬੰਧ ਰਖੱਣ ਵਾਲੇ ਹਨ । ਇਹੋ ਲੋਕ ਹਨ ਜੋ ਖ਼ਿਲਾਫ਼ਤਤ ਦੀ ਸੁਰੱਖਿਆ ਕਰਨ ਵਾਲੇ ਤੇ ਖ਼ਿਲਾਫ਼ਤ ਉਹਨਾ ਦੀ ਸੁਰੱਖਿਆ ਕਰਨ ਵਾਲੀ ਹੈ ।

ਸੋ, ਇਹ ਉਹ ਵਾਸਤਵਿਕ ਖ਼ਿਲਾਫ਼ਤ ਹੈ ਜਿਸ ਵਿੱਚ ਜਮਾਤ ਅਤੇ ਸਮੇਂ ਦਾ ਖ਼ਲੀਫ਼ਾ ਦਾ ਸੰਬੰਧ ਰੱਬ ਦੀ ਰਜ਼ਾ ਦੀ ਪ੍ਰਾਪਤੀ ਲਈ ਹੈ ਅਤੇ ਇਹੋ ਉਹ ਖ਼ਿਲਾਫ਼ਤ ਹੈ ਜੋ ਧਰਮ ਦੀ ਸੰਪੂਰਨਤਾ ਅਤੇ ਅਮਨ ਦਾ ਸਬਬ ਹੈ । ਦੂਜੇ ਮੁਸਲਮਾਨ ਜੋ ਸੰਸਾਰਕ ਹੀਲਿਆਂ ਅਤੇ ਪਰਿਵਰਤਨਾ ਨਾਲ ਖ਼ਿਲਾਫ਼ਤ ਸਥਾਪਨ ਕਰਨਾ ਚਾਹੁੰਦੇ ਹਨ, ਉਹਨਾ ਦੇ ਹੀਲੇ, ਜਤਨ ਤੇ ਪਰਿਵਰਤਨ ਕਦੇ ਵੀ ਲਾਭ ਨਹੀਂ ਦੇ ਸਕਦੇ । ਇਹ ਜਿੰਨ੍ਹੇ ਚਾਹੇ ਜਤਨ ਕਰ ਲੈਂਣ ਹੁਣ ਖ਼ਿਲਾਫ਼ਤ ਇਸ ਪ੍ਰਕਾਰ ਅਰੰਭ ਰਹਿਣੀ ਹੈ ਜਿਵੇਂ ਰੱਬ ਨੇ ਫ਼ੈਸਲਾ ਕਰ ਲਿਆ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੀ ਪੁਸਤਕਾ 'ਰਸਾਲਾ ਅਲਵਸੀਰਯੱਤ' ਵਿੱਚ ਖ਼ਿਲਾਫ਼ਤ ਦੀ ਵਿਵਸਥਾ ਬਾਰੇ ਬਹੁਤ ਵਿਸਥਾਰ ਨਾਲ ਚਰਚਾ ਕੀਤੀ ਹੈ । ਆਪ ਅਲੈਹਿ ਸਲਾਮ ਫ਼ਰਮਾਓਨੁਦੇ ਹਨ ਕਿ ਇਹ ਰੱਬ ਦੀ ਮਰਿਆਦਾ ਹੈ ਕਿ ਉਹ ਨਬੀਆਂ ਅਤੇ ਰਸੂਲਾਂ ਦੀ ਮਦਦ ਕਰਦਾ ਹੈ ਅਤੇ ਜਿਸ ਸਚੱਾਈ ਨੂੰ ਉਹ ਦੁਨੀਆ ਵਿੱਚ ਫੈਲਾਉਣਾ ਚਾਹੁੰਦੇ ਹਨ ਉਸ ਦਾ ਬੀਜਾਰੋਪਣ ਉਹਨਾ ਦੇ ਹੱਥੀਂ ਕਰ ਦਿੰਦਾ ਹੈ ਪਰ ਉਸਦੀ ਸੰਪੂਰਨਤਾ ਉਹਨਾ ਦੇ ਹੱਥੀਂ ਨਹੀਂ ਕਰਦਾ ਸਗੋਂ ਅਜਿਹੇ ਸਮੇਂ ਉਹਨ ਨੂੰ ਮੌਤ ਦੇਕੇ ਜੋ ਕਿ ਦੇਖਣ ਨੂੰ ਇਕ ਅਸਫ਼ਲਤਾ ਦਾ ਡਰ ਆਪਣੇ ਅੰਦਰ ਰਖੱਦਾ ਹੈ ਅਤੇ ਵਿਰੋਧੀਆਂ ਨੂੰ ਹਾਸੇ, ਠੱਠੇ ਤੇ ਮਿਹਣਿਆਂ ਦਾ ਮੌਕਾ ਦੇ ਦਿੰਦਾ ਹੈ ਅਤੇ ਜੱਦ ਉਹ ਹਾਸੇ, ਠੱਠੇ ਤੇ ਮਿਹਣੇ ਮਾਰ ਚੁਕੱਦੇ ਹਨ ਤਾਂ ਫਿਰ ਇਕ ਦੂਜਾ ਹੱਥ ਆਪਣੀ ਕੁਦਰਤ ਦਾ ਦਿਖਾਉਂਦਾ ਹੈ ਅਤੇ ਅਜਿਹੇ ਸਾਧਨ ਪੈਦਾ ਕਰਦਾ ਹੈ ਕਿ ਜਿੰਨ੍ਹਾ ਰਾਹੀਂ ਉਹ ਮੰਤਵ ਤੇ ਉਦੇਸ਼ ਜੋ ਕਿਸੇ ਸਬਬ ਅਧੂਰੇ ਰਹਿ ਗਏ ਸਨ ਆਪਣੀ ਸੰਪੂਰਨਤਾ ਨੂੰ ਪਹੁੰਚਦੇ ਹਨ ।

ਅਸੀਂ ਦੇਖਦੇ ਹਾਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦੇਹਾਂਤ ਨੇ ਜਿੱਥੇ ਹਰ ਅਹਮਦੀ ਨੂੰ ਹਿਲਾ ਕੇ ਰੱਖ ਦਿਤੱਾ ਉੱਥੇ ਹੋਰਨਾ ਨੇ ਖ਼ੁਸ਼ੀਆਂ ਦੇ ਵਾਜੇ ਵਜਾਏ, ਆਪ ਦੇ ਦੇਹਾਂਤ'ਤੇ ਅਜਿਹੇ ਸ਼ੋਸ਼ੇ ਤੇ ਕੰਸੂਹੀਆਂ ਛੱਡੀਆਂ ਗਈਆਂ ਕਿ ਮਨੁੱਖਤਾ ਨੂੰ ਇਹਨਾ ਬਾਰੇ ਸੁਣਕੇ ਸੰਗ ਆਉਂਦੀ ਹੈ । ਇਹ ਬੇਹੂਦਾ ਤੇ ਅਸ਼ਲੀਲ ਗਲੱਾਂ ਤਾਂ ਵਰਨਣ ਕਰਨ ਦੀ ਲੋੜ ਨਹੀਂ ਪਰੰਤੂ ਉਹਨਾਂ ਨੇ ਜਮਾਤ ਨੂੰ ਖੇਰੂੰ ਖੇਰੂੰ ਕਰਨ ਅਤੇ ਅਹਮਦੀਅਤ ਤੋਂ ਮੂੰਹ ਫੇਰ ਲੈਂਣ ਦੀਆਂ ਉਹ ਝੂਠੀਆਂ ਖ਼ਬਰਾ ਫੈਲਾਈਆਂ ਜਿੰਨ੍ਹਾ ਵਿੱਚ ਕੁਝ ਕੁ ਵਰਨਣ ਕਰ ਦਿੰਦਾ ਹਾਂ । ਪੀਰ ਜਮਾਤ ਅਲੀ ਸ਼ਾਹ ਦੇ ਮੁਰੀਦਾਂ ਨੇ

ਕਿਹਾ ਕਿ ਮਿਰਜ਼ਾਈ ਤੰਗ ਆਉਣ ਦੇ ਬਾਦ ਇਹਨਾ ਦੀ ਬੈਅਤ ਕਰ ਰਹੇ ਹਨ । ਖ਼ਵਾਜਾ ਹਸਨ ਨਿਜ਼ਾਮੀ ਸਾਹਬ ਅਹਮਦੀਆਂ ਨੂੰ ਸਲਾਹ ਦਿੰਦੇ ਹਨ ਕਿ ਮਿਰਜ਼ਾ ਸਾਹਬ ਤਾਂ ਫ਼ੌਤ ਹੋ ਚੁੱਕੇ ਹਨ, ਹੁਣ ਤੁਹਾਨੂੰ ਕੋਈ ਸੰਭਾਲ ਨਹੀਂ ਸਕਦਾ, ਇਸ ਲਈ ਛੱਡੋ ਅਹਮਦੀਅਤ ਅਤੇ ਆਓ ਸਾਡੇ ਨਾਲ ਰੱਲ ਜਾਓ । ਇਹਨਾ ਨੂੰ ਇਹ ਪਤਾ ਨਹੀਂ ਸੀ ਕਿ ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਇਲਹਾਮ ਰਾਹੀਂ ਦੱਸਿਆ ਸੀ ਕਿ ਮੈਂ ਤੇਰੇ ਤੇ ਤੇਰੇ ਪਿਆਰਿਆਂ ਨਾਲ ਹਾਂ । ਆਪ ਅਲੈਹਿ ਸਲਾਮ ਨੂੰ ਰੱਬ ਦੇ ਤਸੱਲੀ ਵਿੱਤੀ ਸੀ ਕਿ ਹੋਰਨਾ ਨਬੀਆਂ ਵਾਂਗ ਆਪ ਦੇ ਬਾਦ ਵੀ ਖ਼ਿਲਾਫ਼ਤ ਦਾ ਕਰਮ (ਸਿਲਸਿਲਾ) ਸ਼ੁਰੂ ਹੋਵੇਗਾ । ਕੁਝ ਮਾੜੇ ਅਹਮਦੀ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਨਬੀ ਕਹਿੰਦੇ ਹੋਏ ਝਕੱਦੇ ਹਨ, ਇੱਥੇ ਇਸਦਾ ਉੱਤਰ ਵੀ ਆ ਗਿਆ । ਖ਼ੁੱਦ ਆਪ ਅਲੈਹਿ ਸਲਾਨ ਨੇ ਫ਼ਰਮਾ ਦਿਤੱਾ ਕਿ ਮੇਰੀ ਜਮਾਤ ਨਬੀ ਦੀ ਜਮਾਤ ਹੈ ਅਤੇ ਮੈਂ ਨਬੀ ਹਾਂ । ਕੁਦਰਤੇ ਸਾਨੀਆ (ਦੂਜੀ ਕੁਦਰਤ ਅਰਥਾਤ ਖ਼ਿਲਾਫ਼ਤ) ਦੇ ਜਾਰੀ ਰਹਿਣ ਬਾਰੇ ਆਪ ਅਲੈਹਿ ਸਲਾਮ ਫ਼ਰਮਾਓਠੁਦੇ ਹਨ ਕਿ ਮੈਂ ਰੱਬ ਦੀ ਇਕ ਕੁਦਰਤ ਦੇ ਰੂਪ ਵਿੱਚ ਪ੍ਰਕਟ ਹੋਇਆਂ ਹਾਂ ਅਤੇ ਮੈਂ ਰੱਬ ਦੀ ਇਕ ਸੰਪੂਰਨ ਕੁਦਰਤ ਹਾਂ ਅਤੇ ਮੇਰੇ ਬਾਦ ਕੁਝ ਹੋਰ ਵੁਜੂਦ ਹੋਣਗੇ ਜੋ ਦੂਜੀ ਕੁਦਰਤ ਦੇ ਪ੍ਰਤੀਕ ਹੋਣਗੇ ।

ਸੋ, ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਭਵਿੱਖਬਾਣੀ ਅਨੁਸਾਰ ਬੀਤੇ **113** ਸਾਲ ਤੋਂ ਰੱਬ ਦੀਆਂ ਮਿਹਰਾਂ ਨੂੰ ਅਖੱਰ ਅਖੱਰ ਪੂਰਾ ਹੁੰਦਿਆਂ ਦੇਖ ਰਹੇ ਹਾਂ । ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹੁ ਅਨਹੁ ਜਿੰਨ੍ਹਾ ਬਾਰੇ ਅਖ਼ਬਾਰ ਕਰਨ ਗਜ਼ਟ ਨੇ ਲਿੱਖਿਆ ਸੀ ਕਿ ਮਿਰਜ਼ਾਈਆਂ ਵਿੱਚ ਹੁਣ ਕੀ ਰਹਿ ਗਿਆ ਹੈ, ਇਹਨਾ ਦਾ ਸਿਰ ਕੱਟ ਚੁੱਕਿਆ । ਇਕ ਵਿਅਕਤੀ ਜੋ ਇਹਨਾ ਦਾ ਇਮਾਮ ਬਣਿਆ ਹੈ ਇਸ ਤੋਂ ਤਾਂ ਕੁਝ ਨਹੀਂ ਹੋਵੇਗਾ । ਹਾਂ ਇਹ ਕਿ ਉਹ ਤੁਹਾਨੂੰ ਮਸਜਿਦਾਂ ਵਿੱਚ ਕੁਰਆਨ ਸੁਣਾਇਆ ਕਰੇਗਾ । ਇਹ ਗੱਲ ਸੁਣਕੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਕਿ ਰੱਬ ਕਰੇ ਕਿ ਇਹੋ ਹੋਵੇ ਕਿ ਮੈਂ ਤੁਹਾਨੂੰ ਕੁਰਆਨ ਸੁਣਾਇਆ ਕਰਾਂ । ਆਪ ਨੇ ਇਹ ਕੰਮ ਤਾਂ ਬਹੁਤ ਕੀਤਾ ਹੀ ਨਾਲ ਹੀ ਮੁਨਾਫ਼ਕਾਂ ਤੇ ਅੰਜੁਮਨ ਦੇ ਕੁਝ ਮਹਾ ਸਤੰਭਾਂ ਦੇ ਫ਼ਿਤਨੇ ਨੂੰ ਐਨ੍ਹੀ ਸੂਖਮਤਾ ਨਾਲ ਦੱਬਿਆ ਕਿ ਕਿਸੇ ਨੂੰ ਜੁਰੱਤ ਨ ਪਈ ਕਿ ਕਿਸੇ ਪ੍ਰਕਾਰ ਦਾ ਫ਼ਿਤਨਾ ਖੜ੍ਹਾ ਕਰੇ ।

ਫਿਰ ਜੱਦ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹੁ ਅਨਹੁ ਖ਼ਲੀਫ਼ਾ ਨਿਯੁਕਤ ਹੋਏ ਤਾਂ ਅੰਜੁਮਨ ਦੇ ਵਡੇਰੇ (ਮਹਾ ਸਤੰਭ) ਸਾਰਾ ਖ਼ਜ਼ਾਨਾ ਲੈਕੇ ਉੱਥੋ ਨਿਕਲ ਗਏ ਤਾਂ ਫਿਰ ਦੁਨੀਆ ਨੇ ਦੇਖਿਆ ਕਿ ਕਿਵੇਂ ਖ਼ਿਲਾਫ਼ਤ ਰਾਹੀਂ ਰੱਬ ਨੇ ਜਮਾਤ ਨੂੰ ਸੰਪੂਰਨਤਾ ਪ੍ਰਦਾਨ ਕੀਤੀ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਦਾ **52** ਸਾਲ ਖ਼ਿਲਾਫ਼ਤ ਦਾ ਦੌਰ ਇਸ ਗੱਲ ਦੀ ਸਾਖੀ ਭਰਦਾ ਹੈ ਕਿ ਉਹ ਨੌਜੁਆਨ ਜਿਸ ਦੇ ਸੁਪੁਰਦ ਰੱਬ ਨੇ ਖ਼ਿਲਾਫ਼ਤ ਦੀ ਬਾਗ਼ਡੋਰ ਦਿੱਤੀ ਕਿੰਨ੍ਹੀ ਤੀਬਰਤਾ ਨਾਲ ਜਮਾਤ ਨੂੰ ਤਰੱਕੀ ਦੇ ਮਾਰਗਾਂ'ਤੇ ਪੈਰ੍ਹ ਮਾਰਦਿਆਂ ਹੋਇਆਂ ਵਧਾਉਂਦਾ ਚਲਾ ਗਿਆ ।

**1965** ਈ. ਆਪ ਦੀ ਵਫ਼ਾਤ ਹੋਈ ਤਾਂ ਰੱਬ ਨੇ ਦੂਜੀ ਕੁਦਰਤ ਦੇ ਤੀਜੇ ਪ੍ਰਤੀਕ ਨੂੰ ਖੜ੍ਹਾ ਕਰ ਦਿਤੱਾ । ਆਪ ਰਜ਼ੀ ਅਲੱਾਹੁ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਸੰਸਾਰ ਭਰ ਵਿੱਚ ਜਮਾਤ ਦੀ ਜਾਣ ਪਛਾਣ ਬਣੀ । **1974** ਈ. ਵਵੱਚ ਜੱਦ ਅਹਮਦੀਆਂ ਨੂੰ ਗ਼ੈਰ ਮੁਸਲਿਮ ਕਰਾਰ ਦੇਕੇ ਜਮਾਤ ਦੇ ਹਥੱਾਂ ਵਿੱਚ ਕਸ਼ਕੋਲ ਫ਼ੜਾਉਣ ਦੀਆਂ ਗਲੱਾਂ ਕੀਤੀਆਂ ਤਾਂ ਰੱਬ ਨੇ ਦੁਸ਼ਮਣਾ ਦੇ ਮਨਸੂਬਿਆਂ ਨੂੰ ਮਿੱਟੀ ਵਿੱਚ ਰੋਲਕੇ ਜਮਾਤ ਲਈ ਆਰਥਕ ਸਮਰਥਨ ਦੇ ਨਵੇਂ ਨਵੇਂ ਮਾਰਗ ਖੋਲ ਦਿੱਤੇ ।

**1982** ਈ. ਵਿੱਚ ਚੋਥੀ ਖ਼ਿਲਾਫ਼ਤ ਦੇ ਆਰੰਭਕ ਕਾਲ ਵਿੱਚ ਜਮਾਤ ਦੀ ਤਰੱਕੀ ਦੇਖਕੇ ਦੁਸ਼ਮਣ ਦੇ ਹੋਸ਼ ਉਡੱਦੇ ਜਾਂਦੇ ਸਨ, ਉਸਨੇ ਜਮਾਤ ਅਹਮਦੀਆ ਦੀ ਖ਼ਿਲਾਫ਼ਤ ਨੂੰ ਅਪੰਗ ਬਨਾਉਣ ਲਈ ਮਨਸੂਬਾ ਬਣਾਇਆ, ਪਰੰਤੂ ਰੱਬ ਨੇ ਆਪਣੀ ਅਸਾਧਾਰਨ ਸਹਾਇਤਾ ਨਾਲ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ (ਚੋਥੇ

ਰੂਹਾਨੀ ਖ਼ਲੀਫ਼ਾ ਸਾਹਬ) ਦੀ ਹਿਜਰਤ ਦੇ ਸਾਧਨ ਉਪਲਭਧ ਕਰਾ ਦਿੱਤੇ । ਸੈਟੇਲਾਈਟ ਰਾਹੀਂ ਅਹਮਦੀਅਤ ਅਰਥਾਤ ਵਾਸਤਵਿਕ ਇਸਲਾਮ ਦਾ ਸੰਦੇਸ਼ ਘਰ ਘਰ ਪਹੁੰਚਣ ਲਗੱਾ ।

2003 ਈ. ਵਿੱਚ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਦੇ ਰੱਬ ਨੂੰ ਪਿਆਰੇ ਹੋ ਜਾਣ'ਤੇ ਜਮਾਤ ਨੂੰ ਇਕ ਵਡੱਾ ਧਕੱਾ ਜਿਹਾ ਲਗੱਾ ਪਰ ਰੱਬ ਨੇ ਮੋਮਿਨਾ ਦੀਆਂ ਦੁਆਵਾਂ ਨੂੰ ਸੁਣਿਆ ਅਤੇ ਖ਼ੌਫ਼ ਤੇ ਡਰ ਦੀ ਅਵਸਥਾ ਨੂੰ ਇਕ ਵਾਰ ਫਿਰ ਅਮਨ ਵਿੱਚ ਬਦਲ ਦਿਤੱਾ । ਇਸਲਾਮ ਦੇ ਅਰੰਭਕ ਕਾਲ ਵਿੱਚ ਖ਼ਿਲਾਫ਼ਤੇ ਰਾਸ਼ਦਾ, ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀਆਂ ਭਵਿੱਖਬਾਣੀਆਂ ਅਨੁਸਾਰ ਚਾਰ ਖ਼ਿਲਾਫਤਾਂ ਤੱਕ ਸੀਮਤ ਰਿਹਾ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪ੍ਰਕਟ ਹੋਣ ਦੇ ਬਾਦ ਜਿਵੇਂ ਇਸਲਾਮ ਦੇ ਇਤਿਹਾਸ ਵਿੱਚ ਅਨੇਕਾਂ ਨਵੇਂ ਅਧਿਆਏ ਖੁੱਲੇ ਹਨ ਪੰਜਵੀ ਖ਼ਿਲਾਫ਼ਤ ਵੀ ਉਹਨਾ ਦਾ ਹੀ ਇਕ ਭਾਗ ਹੈ ਅਤੇ ਇਹ ਦੌਰ ਵੀ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਭਵਿੱਖਬਾਣੀਆਂ ਅਨੁਸਾਰ ਹੀ ਹੈ । ਸੰਸਾਰ ਭਰ ਵਿੱਚ ਜਮਾਤ ਦਾ ਪਰੀਚੈ ਇਸ ਕਾਲ ਵਿੱਚ ਅਸਾਧਾਰਣ ਰੂਪ ਵਿੱਚ ਤਰੱਕੀ ਕਰ ਰਿਹਾ ਹੈ । ਕੁਰਆਨ ਕਰੀਮ ਦੇ ਅਨੁਵਾਦਾਂ ਦਾ ਕੰਮ ਹੋਵੇ ਜਾਂ ਹਜ਼ਰੀਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਦਾ ਪ੍ਰਕਾਸ਼ਨ ਜਾਂ ਐਮ.ਟੀ.ਏ. ਦਾ ਪ੍ਰਸਾਰਣ, ਹਰ ਖੇਤਰ ਵਿੱਚ ਅਸਾਧਾਰਣ ਤਰੱਕੀ ਦਿਖਾਈ ਦਿੰਦੀ ਹੈ । ਕੋਰੋਨਾ ਵਾਇਰਸ ਦੀ ਵਬਾ ਦੇ ਕਾਲ ਵਿੱਚ ਆਨ ਲਾਈਨ ਮੁਲਾਕਾਤਾਂ ਦਾ ਨਵਾਂ ਦੌਰ ਸ਼ੁਰੂ ਹੋਇਆ ਹੈ ਜਿਸ ਨਾਲ ਸਮੇਂ ਦੇ ਖ਼ਲੀਫ਼ਾ ਅਤੇ ਜਮਾਤਾਂ ਵਿੱਚ ਸਿੱਧੇ ਰੂਪ ਵਿੱਚ ਰਾਬਤਾ ਹੋ ਰਿਹਾ ਹੈ । ਇਹ ਸਭ ਕੁਝ ਰੱਬ ਦੇ ਹਜ਼ਰਤ ਮਸੀਹ ਮੌਊਦ ਐਲੈਹਿ ਸਲਾਮ ਨਾਲ ਕੀਤੇ ਗਏ ਵਾਦਿਆਂ ਅਨੁਸਾਰ ਹੈ । ਸੋ, ਸਾਨੂੰ ਰੱਬ ਸ਼ੁਕਰਗੁਜ਼ਾਰ ਬੰਦੇ ਬਣਦਿਆਂ ਹੋਇਆਂ ਉਸ ਦੇ ਅੱਗੇ ਝੁਕਣ ਅਤੇ ਖ਼ਿਲਾਫ਼ਤ ਦੇ ਆਗਿਆਕਾਰ ਅਤੇ ਮੁਰੀਦ ਬਣੇ ਰਹਿਣ ਦੀ ਲੋੜ ਹੈ । ਰੱਬ ਕਰੇ ਕਿ ਜਮਾਤ ਦੀ ਪੂਰੀ ਤਰੱਕੀ ਦੇ ਨਜ਼ਾਰੇ ਅਸੀਂ ਆਪਣੀਆਂ ਅਖੱਾਂ ਨਾਲ ਦੇਖਣ ਵਾਲੇ ਹੋਈਏ । ਸਾਡੀਆਂ ਇਬਾਦਤਾਂ, ਸਾਡੀਆਂ ਨਮਾਜ਼ਾਂ, ਸਾਡੇ ਕਰਮ ਕੇਵਲ ਰੱਬ ਦੀ ਰਜ਼ਾ ਹਾਸਲ ਕਰਨ ਵਾਲੇ ਹੋਣ ।

ਅੱਜ ਫਿਰ ਦੁਆਵਾਂ ਲਈ ਆਖਣਾ ਚਾਹੁੰਦਾ ਹਾਂ । ਪਾਕਿਸਤਾਨ ਦੇ ਅਹਮਦੀਆਂ ਅਤੇ ਜਿੱਥੇ ਕਿਤੇ ਵੀ ਮਜ਼ਲੂਮ ਅਹਮਦੀ ਹਨ ਉਹਨਾ ਲਈ ਦੁਆ ਕਰੋ । ਫ਼ਲਸਤੀਨ ਸਣੇ ਮਜ਼ਲੂਮ ਮੁਸਲਮਾਨਾ ਨੂੰ ਦੁਆਵਾਂ ਵਿੱਚ ਚੇਤੇ ਰੱਖੋ । ਅਲੱਾਹ ਤਆਲਾ ਸਾਰਿਆਂ ਦੀਆਂ ਔਕੁੜਾਂ ਨੂੰ ਦੂਰ ਕਰੇ ਅਤੇ ਅਸੀਂ ਛੇਤੀ ਤੋਂ ਛੇਤੀ ਇਸਲਾਮ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਝੰਡਾ ਸਾਰੀ ਦੁਨੀਆ ਵਿੱਚ ਤੌਹੀਦ (ਇਕ ਈਸ਼ਵਰਵਾਦ) ਨੂੰ ਕਾਇਮ ਹੁੰਦਾ ਦੇਖੀਏ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ۔ عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 28.05.2021**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131